Page No. 1
Date: 

Tender Hearts Highschool Sec - 33 B Chd.
Class - 9 Teacher - Ramandeep Kaur
Topic - 'ਜ਼ੀਨਤ ਆਪਾ' Assignment no - ② Term - I

ਸ਼ੁੱਭ ਸਵੇਰ

ਵਿਦਿਆਰਥੀਓ ਅੱਜ ਅਸੀਂ ਨੌਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਜ਼ੀਨਤ ਆਪਾ' ਪੰਨਾ ਨੰਬਰ 18, ਪਾਠ-3, ਜੋ ਕਿ ਪਾਠ ਪੁਸਤਕ 'ਕਾਵਿ ਕਥਾ ਸੰਕਲਨ' ਵਿੱਚ ਦਰਜ ਹੈ, ਬਾਰੇ ਵਿਚਾਰ ਚਰਚਾ ਕਰਾਂਗੇ। ਇ [illegible]

ਹੁਣ ਸਾਰੇ ਵਿਦਿਆਰਥੀ ਆਪਣੀ ਪਾਠ ਪੁਸਤਕ ਦਾ ਪੰਨਾ ਨੰਬਰ 18 ਖੋਲ੍ਹਣਗੇ ਅਤੇ ਕਹਾਣੀ ਦੇ ਵਿਸ਼ੇ ਨੂੰ ਸਮਝਣ ਦਾ ਯਤਨ ਕਰਨਗੇ। ਉਮੀਦ ਹੈ ਤੁਸੀਂ ਸਾਰਿਆਂ ਨੇ ਪਿਛਲੇ ਹਫ਼ਤੇ ਦੀ ਆਡੀਓ ਨੂੰ ਧਿਆਨ ਨਾਲ ਸੁਣਿਆ ਹੋਵੇਗਾ। ਉਸ ਵਿੱਚ ਅਸੀਂ ਵਿਚਾਰਿਆ ਸੀ ਕਿ ਜ਼ੀਨਤ ਆਪਾ ਆਪਣੀ ਜ਼ਿੰਦਗੀ ਦੇ ਪਹਿਲੇ ਦੋ ਪੜਾਅ ਕਿਵੇਂ ਬਤੀਤ ਕਰਦੀ। ਇਸ ਹਫ਼ਤੇ ਅਸੀਂ ਦੱਸਾਂਗੇ ਕਿ ਤੀਜੇ ਅਤੇ ਚੌਥੇ ਪੜਾਅ ਵਿੱਚ ਉਸਦੀ ਜ਼ਿੰਦਗੀ ਦਾ ਰੁੱਖ ਕੀ ਹੁੰਦਾ।

ਜ਼ੀਨਤ ਸਾਰਾ ਦਿਨ ਆਪਣੇ ਬੱਚਿਆਂ ਦੀ ਦੇਖਭਾਲ ਵਿੱਚ ਰੁੱਝੀ ਰਹਿੰਦੀ। ਬੱਚਿਆਂ ਦੀਆਂ ਕਿਲਕਾਰੀਆਂ ਉਸਨੂੰ ਸਾਰੇ ਦੁੱਖ ਭੁਲਾ ਦਿੰਦੀਆਂ। ਉਸ ਕੋਲ ਬੱਚਿਆਂ ਨੂੰ ਸੰਭਾਲਣ ਤੋਂ ਇਲਾਵਾ ਹੋਰ ਕੁਝ ਸੋਚਣ ਦਾ ਸਮਾਂ ਨਾ ਹੁੰਦਾ। ਉਸਨੂੰ ਕਿਸੇ ਨਾਲ ਗਿਲਾ ਸ਼ਿਕਵਾ ਨਹੀਂ ਸੀ। ਉਸਨੇ ਆਪਣੇ ਆਪ ਨੂੰ ਜ਼ਿੰਦਗੀ ਅਨੁਸਾਰ ਢਾਲ ਲਿਆ ਸੀ। ਪਰ ਲੀਹ ਤੇ ਤੁਰੀ ਜਾਂਦੀ ਜ਼ਿੰਦਗੀ ਵਿੱਚ ਫਿਰ ਰੁਕਾਵਟ ਆਈ। ਜ਼ੀਨਤ ਦਾ ਘਰਵਾਲਾ ਚਾਰ ਦਿਨ

Tender Heart School Sec-33B chd.

Class-9 Teacher- Ramandeep Kaur

Topic-'ਜ਼ੀਨਤ ਆਪਾ' Assignment no-(2) Term-I

ਬਿਮਾਰ ਹੋਣ ਤੋਂ ਬਾਅਦ ਚਲ ਵਸਿਆ ਭਾਵ ਮਰ ਗਿਆ। ਏਨੇ ਵੱਡੇ ਜ਼ਿਮੀਂਦਾਰ ਦੀ ਮੌਤ ਤੋਂ ਬਾਅਦ ਲੋਕਾਂ ਨੇ ਬਹੁਤ ਦੁਖ ਪ੍ਰਗਟ ਕੀਤਾ। ਪਰ ਜ਼ੀਨਤ ਨੇ ਇਸ ਮੌਕੇ ਤੇ ਇੱਕ ਹੰਝੂ ਵੀ ਨਾ ਕੇਰਿਆ। ਉਹ ਸ਼ਾਂਤ ਅਡੋਲ ਸੀ। ਉਸਦੇ ਮਨ ਦੀ ਸਥਿਤੀ ਸਿਅਰ ਹੋਈ ਜਾਪਦੀ ਸੀ। ਉਸਦੀਆਂ ਭਾਵਨਾਵਾਂ ਜਿਵੇਂ ਪੱਥਰ ਹੋ ਗਈਆਂ ਹੋਣ।

☆ ਹੁਣ ਸਾਰੇ ਵਿਦਿਆਰਥੀ ਇਸ ਆਡੀਓ ਨੂੰ ਤਿੰਨ ਮਿੰਟ ਲਈ ਰੋਕਣਗੇ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਆਪਣੀ ਪੰਜਾਬੀ ਦੀ ਕਾਪੀ ਵਿੱਚ ਲਿਖਣਗੇ।

ਪ੍ਰਸ਼ਨ। ਜ਼ੀਨਤ ਸਾਰਾ ਦਿਨ ਕੀ ਕਰਦੀ ਰਹਿੰਦੀ?

ਪ੍ਰਸ਼ਨ 2 ਉਸਦੀ ਜ਼ਿੰਦਗੀ ਦੇ ਤੀਜੇ ਪੜਾਅ ਵਿੱਚ ਕੀ ਵਾਪਰਿਆ?

☆ ਉਮੀਦ ਹੈ ਤਿੰਨ ਮਿੰਟ ਦੀ ਬਰੇਕ ਤੋਂ ਬਾਅਦ ਤੁਸੀਂ ਸਾਰਿਆਂ ਨੇ ਉੱਤਰ ਲਿਖ ਲਏ ਹੋਣਗੇ। ਅਸੀਂ ਤੁਹਾਡੇ ਨਾਲ ਉਪਰੋਕਤ ਉੱਤਰ। ਅਤੇ ਉੱਤਰ 2 ਵਿਚਾਰਾਂਗੇ ਅਤੇ ਫਿਰ ਕਹਾਣੀ ਬਾਰੇ ਅੱਗੇ ਪੜ੍ਹਾਂਗੇ।

ਉੱਤਰ। ਜ਼ੀਨਤ ਸਾਰਾ ਦਿਨ ਆਪਣੇ ਬੱਚਿਆਂ ਦੀ ਦੇਖਭਾਲ ਵਿੱਚ ਰੁੱਝੀ ਰਹਿੰਦੀ ਅਤੇ ਆਪਣੀ ਜ਼ਿੰਮੇਵਾਰੀ ਬਖੂਬ ਨਿਭਾਉਂਦੀ। ਉਸਦੀ ਜ਼ਿੰਦਗੀ ਉਸਦੇ ਬੱਚੇ ਹੀ ਸਨ।

ਉੱਤਰ 2 ਉਸਦੀ ਜ਼ਿੰਦਗੀ ਵਿੱਚ ਅਣਹੋਣੀ ਘਟਨਾ ਇਹ ਵਾਪਰਦੀ ਹੈ ਕਿ ਉਸਦੇ ਖਾਵੰਦ ਦੀ ਮੌਤ ਹੋ ਜਾਂਦੀ ਹੈ ਤੇ ਉਸਦੇ ਬੱਚਿਆਂ ਦੇ ਸਿਰ ਤੋਂ ਪਿਓ ਦਾ ਸਾਇਆ ਉੱਠ ਜਾਂਦਾ ਹੈ।

Class-9 Teacher-Ramandeep Kaur

Topic- ਜ਼ੀਨਤ ਆਪਾ Assignment no-2 Term-I

ਹੁਣ ਅਸੀਂ ਵਿਚਾਰਦੇ ਹਾਂ ਕਿ ਪਤੀ ਦੀ ਮੌਤ ਨੇ ਜ਼ੀਨਤ ਦੀ ਜ਼ਿੰਦਗੀ ਵਿੱਚ ਕੀ ਬਦਲਾਵ ਲਿਆਂਦਾ। ਉਹ ਇਸ ਘਟਨਾ ਤੋਂ ਬਾਅਦ ਬਿਲਕੁਲ ਅਡੋਲ - ਸ਼ਾਂਤ ਸੀ। ਲੋਕ ਇਸ ਗਲ ਤੋਂ ਹੈਰਾਨ ਹੁੰਦੇ ਸਨ ਕਿ 'ਜ਼ੀਨਤ ਨੇ ਆਪਣੇ ਸਾਈਦ ਦੀ ਮੌਤ ਤੇ ਇੱਕ ਹੰਝੂ ਵੀ ਨਾ ਕੇਰਿਆ ਭਾਵ ਉਹ ਰੋਈ ਨਹੀਂ। ਉਸਦੇ ਪਿਓ ਨੂੰ ਆਪਣੀ ਬੱਚੀ ਦੇ ਦੁੱਖ ਦੀ ਚਿੰਤਾ ਹੁੰਦੀ। ਹੁਣ ਉਸਦਾ ਅਤੇ ਉਸਦੇ ਬੱਚਿਆਂ ਦਾ ਕੀ ਹੋਵੇਗਾ ਪਰ ਜ਼ੀਨਤ ਬਿਲਕੁਲ ਅਡੋਲ ਸੀ। ਉਹ ਆਪਣੇ ਪਤੀ ਦੀ ਮੌਤ ਤੋਂ ਦਸ ਦਿਨ ਬਾਅਦ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਪੇਕੇ ਘਰ ਵਾਪਿਸ ਆ ਗਈ। ਹੁਣ ਉਸਨੂੰ ਦੁਨਿਆ ਦੀ ਕੋਈ ਪਰਵਾਹ ਨਹੀਂ ਸੀ। ਹੁਣ ਵੀ ਉਸਦੀ ਜ਼ਿੰਦਗੀ ਉਸਦੇ ਬੱਚੇ ਹੀ ਸਨ। ਪੇਕੇ ਘਰ ਉਸਨੂੰ ਕੋਈ ਤਕਲੀਫ਼ ਨਹੀਂ ਸੀ ਸੱਭ ਉਸਦਾ ਆਦਰ ਸਤਿਕਾਰ ਕਰਦੇ। ਪਰ ਉਸਦਾ ਪਿਤਾ ਅਤੇ ਆਂਢ - ਗੁਆਂਢ ਇਹ ਸੋਚਦੇ ਰਹਿੰਦੇ ਕਿ ਜ਼ੀਨਤ ਨੇ ਕਦੇ ਵੀ ਆਪਣੇ ਸਾਈਦ ਨੂੰ ਯਾਦ ਨਹੀਂ ਸੀ ਕੀਤਾ। ਉਹ ਇਸ ਦੁੱਖ ਨੂੰ ਵੀ ਸਹਿ ਗਈ। ਜਾਂ ਇਹ ਕਹਿ ਸਕਦੇ ਹਾਂ ਕਿ ਜ਼ੀਨਤ ਨੂੰ ਦੁੱਖਾਂ ਨਾਲ ਜ਼ਿੰਦਗੀ ਜਿਊਣੀ ਆ ਗਈ ਸੀ।

★ ਹੁਣ ਵਿਦਿਆਰਥੀ ਇਸ ਆਡੀਓ ਨੂੰ ਤਿੰਨ ਮਿੰਟ ਲਈ ਰੋਕਣਗੇ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖਣਗੇ।

ਪ੍ਰ:3 ਲੋਕ ਜ਼ੀਨਤ ਨੂੰ ਵੇਖਕੇ ਕਿਉਂ ਹੈਰਾਨ ਹੁੰਦੇ?

ਪ੍ਰ:4 ਜ਼ੀਨਤ ਆਪਣੇ ਬੱਚਿਆਂ ਨੂੰ ਕਿੱਥੇ ਲੈ ਗਈ?

Class-9 Teacher- Ramandeep Kaur
Topic- ਜੀਨਤ ਆਪਾ Assignment no-(2) Term-I

ਤਿੰਨ ਮਿੰਟ ਦੀ ਬਰੇਕ ਤੋਂ ਬਾਅਦ ਹੁਣ ਅਸੀਂ ਉੱਤਰ 3 ਅਤੇ ਉੱਤਰ 4 ਵਿਚਾਰਾਂਗੇ ਅਤੇ ਫਿਰ ਕਹਾਣੀ ਦੇ ਅਗਲੇ ਭਾਗ ਬਾਰੇ ਪੜ੍ਹਾਂਗੇ।

ਉੱਤਰ 3 ਲੋਕ ਇਸ ਗੱਲੋਂ ਹੈਰਾਨ ਸਨ ਕਿ ਉਸਨੇ ਆਪਣੇ ਪਤੀ ਦੀ ਮੌਤ ਤੇ ਇਕ ਹੰਝੂ ਵੀ ਨਾ ਕੇਰਿਆ, ਉਹ ਸ਼ਾਂਤ ਅਤੇ ਅਡੋਲ ਦਿਸਦੀ ਸੀ। ਇਸ ਲਈ ਸਭ ਨੂੰ ਅਚੰਭਾ ਸੀ।

ਉੱਤਰ 4 ਜੀਨਤ ਆਪਣੇ ਬੱਚਿਆਂ ਨੂੰ ਲੈ ਕੇ ਆਪਣੇ ਘਰ ਚਲੀ ਗਈ ਅਤੇ ਨਵੇਂ ਸਿਰਿਓਂ ਜ਼ਿੰਦਗੀ ਸ਼ੁਰੂ ਕੀਤੀ।

ਹੁਣ ਅਸੀਂ ਵਿਚਾਰਦੇ ਹਾਂ ਕਿ ਅਖੀਰ ਵਿੱਚ ਲੇਖਕ ਦੇ ਪੁੱਛਣ ਤੇ ਜੀਨਤ ਆਪਣੀਆਂ ਭਾਵਨਾਵਾਂ ਨੂੰ ਕਿਵੇਂ ਉਜਾਗਰ ਕਰਦੀ ਹੈ। ਕਈ ਮਹੀਨੇ ਗੁਜ਼ਰ ਗਏ, ਕੋਈ ਵੀ ਜੀਨਤ ਤੋਂ ਉਸਦੇ ਖਾਵੰਦ ਬਾਰੇ ਪੁੱਛਦਾ ਤਾਂ ਉਹ ਚੁੱਪ ਸਾਧ ਲੈਂਦੀ। ਪਰ ਇੱਕ ਦਿਨ ਲੇਖਕ ਨੇ ਜੀਨਤ ਨੂੰ ਪੁੱਛ ਹੀ ਲਿਆ ਕਿ ਤੁਹਾਨੂੰ ਆਪਣੇ ਪਤੀ ਦੀ ਮੌਤ ਦਾ ਕੋਈ ਦੁੱਖ ਨਹੀਂ। ਤੁਸੀਂ ਇੱਕ ਹੰਝੂ ਨਹੀਂ ਕੇਰਿਆ? ਇਹ ਸੁਣ ਕੇ ਉਹ ਤੜਫ ਉੱਠੀ ਅਤੇ ਬੋਲੀ "ਕਿਸ ਦੇ ਸਿਰ ਦਾ ਮਾਲਕ? ਕਿਸਦਾ ਖਾਵੰਦ? ਮੈਂ ਇੱਕ ਦਿਨ ਵੀ ਉਸਨੂੰ ਆਪਣਾ ਪਤੀ ਨਹੀਂ ਸਮਝਿਆ। ਮੈਂ ਤਾਂ ਇੱਕ ਪਲ ਲਈ ਵੀ ਉਸਦੀ ਪਤਨੀ ਨਹੀਂ ਬਣੀ। ਇਹ ਤਾਂ ਇੱਕ ਬੇਜੋੜ ਵਿਆਹ ਸੀ। ਉਹ ਬੱਚਿਆਂ ਦਾ ਪਿਓ ਤਾਂ ਹੋ ਸਕਦਾ ਹੈ ਪਰ ਮੇਰਾ ਖਾਵੰਦ ਨਹੀਂ। ਅਜਿਹਾ ਕਹਿ ਕੇ ਉਹ ਫੁੱਟ - ਫੁੱਟ ਕੇ ਰੋ ਪਈ।" ਉਸਦੀਆਂ ਇਹ ਗੱਲਾਂ ਸੁਣ ਕੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ

Class- 9 Teacher- Ramandeep Kaur

Topic- ਜ਼ੀਨਤ ਆਪਾ Assignment no - (2) Term - I

ਉਸਦਾ ਮਨ ਕਿਵੇਂ ਦੁੱਖਾਂ ਨੇ ਝੰਜੋੜਿਆ ਹੈ। ਪਿਓ ਨੇ ਵਿਆਹ ਤਾਂ ਜ਼ਬਰਦਸਤੀ ਕਰ ਦਿੱਤਾ ਪਰ ਸ਼ੌਹਰ ਦੀ ਮੌਤ ਤੇ ਨਾ ਰਿਹਾ ਗਿਆ। ਜ਼ੀਨਤ ਨੇ ਦਿਲੋਂ ਉਸ ਬੰਦੇ ਨੂੰ ਆਪਣਾ ਸ਼ੌਹਰ ਕਬੂਲ ਨਹੀਂ ਕੀਤਾ ਤਾਂ ਹੀ ਉਸਦੀ ਮੌਤ ਤੇ ਉਸਨੂੰ ਬਹੁਤਾ ਦੁੱਖ ਨਹੀਂ ਹੋਇਆ। ਸਾਲ ਦੋ ਸਾਲ ਬਾਅਦ ਜ਼ੀਨਤ ਆਪਣੇ ਪਿੰਡ ਵਾਲਿਆਂ ਦੀ ਜਿੰਦ ਜਾਨ ਬਣ ਗਈ। ਉਸਦੀ ਫਿਰ ਕਾਇਆ ਕਲਪ ਬਦਲ ਗਈ। ਫਿਰ ਉਸ ਤਰਾਂ ਹੱਸਣਾ, ਐਸ਼ ਕਰਦੇ ਰਹਿਣਾ। ਜਿਸਮ ਤੇ ਖੁਸ਼ੀ ਉੱਚਾ ਲੰਮਾ ਕੱਦ, ਰੇਸ਼ਮ ਵਰਗੇ ਵਾਲ ਜਿਵੇਂ ਕੋਈ ਅਸਮਾਨੋਂ ਲੱਥੀ ਪਰੀ ਹੋਵੇ। ਹਰ ਵਿਹੜੇ ਵਿੱਚ ਉਸਦੀ ਉਡੀਕ ਹੁੰਦੀ। ਇਹ ਉਸਦੀ ਜ਼ਿੰਦਗੀ ਦਾ ਦੂਜਾ ਪੜਾਅ ਸੀ।

☆ ਵਿਦਿਆਰਥੀ ਇਸ ਆਡੀਓ ਨੂੰ ਦੋ ਮਿੰਟ ਲਈ ਰੋਕਣਗੇ ਅਤੇ ਪ੍ਰਸ਼ਨਾਂ ਦੇ ਉੱਤਰ ਲਿਖਣਗੇ।

ਪ੍ਰ:5 ਲੇਖਕ ਨੇ ਜ਼ੀਨਤ ਨੂੰ ਕੀ ਸੁਆਲ ਕੀਤਾ?

ਪ੍ਰ:6 ਕਹਾਣੀ ਦੇ ਅਖੀਰ ਵਿੱਚ ਕੀ ਹੁੰਦਾ ਹੈ?

ਦੋ ਮਿੰਟ ਦੀ ਬਰੇਕ ਤੋਂ ਬਾਅਦ ਹੁਣ ਅਸੀਂ ਉੱਤਰ 5 ਅਤੇ ਉੱਤਰ 6 ਵਿਚਾਰਾਂਗੇ ਅਤੇ ਫਿਰ ਪਾਠ ਦਾ ਕੰਮ ਉਲੀਕਿਆ ਜਾਵੇਗਾ।

ਉੱਤਰ5 ਜਦੋਂ ਕਈ ਮਹੀਨੇ ਬੀਤ ਗਏ ਤਾਂ ਇੱਕ ਦਿਨ ਲੇਖਕ ਨੇ ਹਿੰਮਤ ਕਰਕੇ ਜ਼ੀਨਤ ਤੋਂ ਪੁੱਛ ਹੀ ਲਿਆ ਕਿ "ਜ਼ੀਨਤ ਤੁਸੀਂ ਇੱਕ ਅੱਥਰੂ ਨਹੀਂ ਕੇਰਿਆ, ਤੁਹਾਡੇ ਸਿਰ ਦਾ ਮਾਲਕ ਤੁਹਾਡੇ ਸਿਰੋਂ ਉੱਠ ਗਿਆ।"

Class-9 Teacher- Ramandeep Kaur

Topic- ਜ਼ੀਨਤ ਆਪਾ Assignment no-2 Term-I

ਉੱਤਰ 6 ਕਹਾਣੀ ਅਖੀਰ ਵਿੱਚ ਇਹ ਦਰਸਾਉਂਦੀ ਹੈ ਕਿ ਜ਼ੀਨਤ ਨੇ ਆਪਣੇ ਮਨ ਦੀ ਗੱਲ ਲੇਖਕ ਨੂੰ ਦੱਸੀ, ਉਸਦਾ ਮਨ ਹੌਲਾ ਹੋ ਗਿਆ ਅਤੇ ਉਹ ਫਿਰ ਹੱਸਦੀ, ਨੱਚਦੀ, ਗਾਉਂਦੀ ਹਰ ਵਿਹੜੇ ਵਿੱਚ ਖੁਸ਼ੀਆਂ ਵੰਡਣ ਲੱਗੀ।

ਉਮੀਦ ਹੈ ਸਾਰੇ ਵਿਦਿਆਰਥੀਆਂ ਨੂੰ ਕਹਾਣੀ ਦਾ ਵਿਸ਼ਾ ਸਮਝ ਆ ਗਿਆ ਹੋਵੇਗਾ। ਕਹਾਣੀ ਦੇ ਕੁਝ ਖਾਸ ਪਹਿਲੂ ਜਾਂ ਕਹਿ ਲਵੋ ਕਿ ਲੇਖਕ ਸਾਨੂੰ ਕੀ ਕਹਿਣਾ ਚਾਹੁੰਦਾ ਹੈ, ਬਾਰੇ ਅਗਲੇ ਪਰਚੇ ਵਿਚਾਰਾਂਗੇ। ਵਿਦਿਆਰਥੀ ਭੇਜੀ ਜਾ ਰਹੀ ਆਡੀਓ ਨੂੰ ਗੌਰ ਨਾਲ ਸੁਣਨਗੇ ਤਾਂ ਜੋ ਵਿਸ਼ਾ ਸਮਝਣ ਵਿੱਚ ਔਖ ਨਾ ਆਵੇ।

ਪਿਆਰ ਦਾ ਰੰਗ।

ਵਿਦਿਆਰਥੀਆਂ ਨੇ ਕਾਵਿ ਰਚਨਾ ਸੰਵੇਦਨਾ ਦੀ ਅਭਿਆਸ ਪੁਸਤਕ ਦੇ ਪੰਨਾ ਨੰਬਰ 22 ਦਾ ਪ੍ਰਸ਼ਨ 3 (i,ii,iii,iv) ਨੂੰ ਕਾਪੀ ਤੇ ਹਲ ਕਰਨਾ ਹੈ।

ਧੰਨਵਾਦ

(Last page)